## ਦਫ਼ਤਰ, ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ, ਸਮੱਗਰ ਸਿੱਖਿਆ ਅਭਿਆਨ ਅਥਾਰਿਟੀ, ਪੰਜਾਬ।

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਪੰਜਵੀਂ ਮੰਜਲ, ਫ਼ੇਜ਼-8 ਸਾਹਿਬਜ਼ਾਦਾ ਅਜੀਤ ਸਿੰਘ ਨਗਰ
ਫ਼ੋਨ ਨੰ: 01725212329 ਈ-ਮੇਲ : ssatextbook@punjabeducation.gov.in

ਵੱਲ:

ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ,
ਪੰਜਾਬ।

ਮੀਮੋ ਨੰ: ਸਸਅ/ਟੀਬੀ/2021-22/333800
ਮਿਤੀ, ਸਅਸ ਨਗਰ: 29/09/2021

ਵਿਸ਼ਾ: ਵਿੱਦਿਅਕ ਸਾਲ 2021-22 ਲਈ ਕਿਤਾਬਾਂ ਦੀ ਸੁਚਾਰੂ ਵੰਡ ਅਤੇ ਬਲਾਕ ਪੱਧਰ 'ਤੇ ਵਾਧੂ ਸਟਾਕ ਸਬੰਧੀ।

ਹਵਾਲਾ:ਇਸ ਦਫ਼ਤਰ ਦੇ ਪੱਤਰ ਸਸਅ/ਟੀਬੀ/2021-22/101457 ਮਿਤੀ, ਸਅਸ ਨਗਰ:23-03-2021 ਦੇ ਸਬੰਧ ਵਿੱਚ।

1.0 ਉਪਰੋਕਤ ਵਿਸ਼ੇ ਅਤੇ ਹਵਾਲੇ ਵੱਲ ਧਿਆਨ ਦੇਣ ਦੀ ਖ਼ੇਚਲ ਕਰੋ ਜੀ।

2.0 ਵਿਸ਼ਾ ਅੰਕਿਤ ਮਾਮਲੇ ਦੇ ਸਬੰਧ ਵਿੱਚ ਹਵਾਲਾ ਅਧੀਨ ਪੱਤਰ ਰਾਹੀਂ ਸਮੂਹ ਬੀ ਪੀ ਈ ਓਜ਼ ਨੂੰ ਹਦਾਇਤਾਂ ਜਾਰੀ ਕਰਦੇ ਹੋਏ ਲਿਖਿਆ ਗਿਆ ਸੀ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਭੇਜੀਆਂ ਪਾਠ-ਪੁਸਤਕਾਂ ਜਿਵੇਂ ਹੀ ਬਲਾਕ ਪੱਧਰ 'ਤੇ ਪ੍ਰਾਪਤ ਹੁੰਦੀਆਂ ਹਨ, ਨੂੰ ਤੁਰੰਤ ਸਕੂਲਾਂ ਵਿੱਚ ਭੇਜਣ ਦੀ ਖ਼ੇਚਲ ਕੀਤੀ ਜਾਵੇ। ਤਾਂ ਜੋ ਕੋਈ ਵੀ ਵਿਦਿਆਰਥੀ ਕਿਤਾਬਾਂ ਤੋਂ ਵਿਰਵਾ ਨਾ ਰਹੇ।

3.0 ਪ੍ਰੰਤੂ ਮੁੱਖ ਦਫ਼ਤਰ ਵੱਲੋਂ ਨਿਰੀਖ਼ਣ ਦੌਰਾਨ ਆਮ ਵੇਖਿਆ ਗਿਆ ਹੈ ਕਿ ਬਹੁਤ ਸਾਰੇ ਬਲਾਕ ਦਫ਼ਤਰਾਂ ਵਿੱਚ ਵਾਧੂ ਕਿਤਾਬਾਂ ਦਾ ਸਟਾਕ ਮੌਜੂਦ ਹੈ। ਜਦੋਂ ਕਿ ਵਿਦਿਆਰਥੀਆਂ ਦੀ ਵਧੀ ਹੋਈ ਗਿਣਤੀ ਦੇ ਸਨਮੁੱਖ ਬਹੁਤ ਸਾਰੇ ਵਿਦਿਆਰਥੀ ਕਿਤਾਬਾਂ ਤੋਂ ਮਹਿਰੂਮ ਹਨ।

4.0 ਇਸੇ ਤਰਾਂ ਹੀ ਵਿਦਿਆਰਥੀਆਂ ਦੇ ਸਿੱਖਣ ਪੱਧਰ ਵਿੱਚ ਸੁਧਾਰ ਹਿੱਤ ਹੋਰ ਕਈ ਤਰ੍ਹਾਂ ਦੀ ਸਹਾਇਕ ਸਿੱਖਣ ਸਮੱਗਰੀ ਜੋ ਕਿ ਮੁੱਖ ਦਫ਼ਤਰ ਵੱਲੋਂ ਛਪਵਾ ਕੇ ਭੇਜੀ ਜਾਂਦੀ ਹੈ, ਵੀ ਬਲਾਕ ਦਫ਼ਤਰਾਂ ਵਿੱਚ ਡੰਪ ਕੀਤੀ ਗਈ ਹੈ।ਜਿਸਦਾ ਵਿਦਿਆਰਥੀਆਂ ਨੂੰ ਕੋਈ ਲਾਭ ਨਹੀਂ ਹੈ।

5.0 ਸੋ ਉਕਤ ਬਿਆਨੀ ਸਥਿਤੀ ਦੇ ਸਨਮੁੱਖ ਸਮੂਹ ਬੀ ਪੀ ਈ ਓਜ਼ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਬਲਾਕ ਦਫ਼ਤਰਾਂ ਵਿੱਚ ਪਈਆਂ ਵਾਧੂ ਕਿਤਾਬਾਂ ਨੂੰ ਤੁਰੰਤ ਲੋੜਵੰਦ ਸਕੂਲਾਂ/ ਵਿਦਿਆਰਥੀਆਂ ਤੱਕ ਪੁੱਜਦੀਆਂ ਕਰਕੇ ਵਾਧੂ ਕਿਤਾਬਾਂ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਖ਼ੇਤਰੀ ਦਫ਼ਤਰ ਨੂੰ ਵਾਪਸ ਭੇਜ ਦਿੱਤੀਆਂ ਜਾਣ।ਇਸ ਤੋਂ ਬਾਅਦ ਵੀ ਜੇਕਰ ਕਿਸੇ ਬਲਾਕ ਵਿੱਚ ਕਿਤਾਬਾਂ ਜਾਂ ਸਹਾਇਕ ਸਮੱਗਰੀ ਸਟਾਕ ਕੀਤੀ ਪਾਈ ਗਈ ਤਾਂ ਇਸ ਦੀ ਨਿਰੋਲ ਜ਼ਿੰਮੇਵਾਰੀ ਸਬੰਧਤ ਬੀ ਪੀ ਈ ਓ ਦੀ ਹੋਵੇਗੀ।

ਸਕੱਤਰ ਸਕੂਲ ਸਿੱਖਿਆ, ਪੰਜਾਬ।

ਉਪਰੋਕਤ ਦਾ ਉਤਾਰਾ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐਸਿ/ਸੈਸਿ) ਅਤੇ ਟੈਕਸਟ ਬੁੱਕ ਸ਼ਾਖ਼ਾ, ਪਸਸਬ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਸਟਾਕ ਵਿੱਚ ਵਾਧੂ ਪਈਆਂ ਕਿਤਾਬਾਂ ਨੂੰ ਸਮੇਂ ਸਿਰ ਬੋਰਡ ਦੇ ਖ਼ੇਤਰੀ ਦਫ਼ਤਰਾਂ ਨੂੰ ਵਾਪਿਸ ਕਰਨ ਸਬੰਧੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।